Punjab Government Gazette

Published by Authority

No. 47] CHANDIGARH, FRIDAY, NOVEMBER 21, 2025 (KARTIKA 30, 1947 SAKA)

PART III

Notifications by High Court ; Labour Commissioner ; Advertisements ;

Director of Lotteries, Punjab and Notices, etc.

ਕਿਰਤ ਵਿਭਾਗ, ਪੰਜਾਬ

ਦਫ਼ਤਰ ਕਿਰਤ ਕਮਿਸ਼ਨਰ, ਪੰਜਾਬ

ਅਧਿਸੂਚਨਾ

ਮਿਤੀ 5 ਸਤੰਬਰ, 2025

ਨੰ:ਓਵ/18474.– ਮੇਰੀ ਰਾਇ ਹੈ ਕਿ ਕਿਰਤੀਆਂ/ਯੂਨੀਅਨ/ਮਾਰਫਤ/ ਵੱਲੋਂ ਪੰਜਾਬ ਰੋਡਵੇਜ/ਪਨਬਸ ਕੰਟਰੈਕਟ ਵਰਕਰਸ ਯੂਨੀਅਨ, ਪੰਜਾਬ ਵੱਲੋਂ ਰੋਡਵੇਜ ਡਿਪੂ, ਬਟਾਲਾ ਦੇ ਅੰਦਰ ਇਸ ਦੇ ਪ੍ਰਧਾਨ, ਮੀਤ ਪ੍ਰਧਾਨ ਵਿਰੁੱਧ 1 ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮ. (ਪਨਬਸ) ਥਰੂ ਇਟਸ ਚੇਅਰਮੇਨ ਜੀਵਨ ਦੀਪ ਬਿਲਡਿੰਗ, ਸੈਕਟਰ-17 ਸੀ, ਚੰਡੀਗੜ੍ਹ, 2. ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮ. (ਪਨਬਸ) ਥਰੂ ਇਟਸ ਮੈਨੇਜਿੰਗ ਡਾਇਰੈਕਟਰ, ਜੀਵਨ ਦੀਪ ਬਿਲਡਿੰਗ, ਸੈਕਟਰ-17ਸੀ, ਚੰਡੀਗੜ੍ਹ ਤੇ 3. ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮ. (ਪਨਬਸ) ਥਰੂ ਇਟਸ ਡਿਪੋ ਮੈਨੇਜਰ ਪਨਬਸ ਬਟਾਲਾ ਵਿਚਕਾਰ ਹੇਠ ਅਨੁਸਾਰ ਝਗੜਾ ਹੋਂਦ ਵਿਚ ਹੈ ਅਤੇ ਮੇਰੀ ਰਾਏ ਵਿਚ ਇਹ ਮਾਮਲਾ ਨਿਆਂ-ਨਿਰਣੈ ਲਈ ਭੇਜਣਾ ਬਣਦਾ ਹੈ। ਉਦਯੋਗਿਕ ਵਿਵਾਦ ਐਕਟ, 1947 ਦੀ ਧਾਰਾ 2-ਕੇ ਅਤੇ ਧਾਰਾ-10 ਦੀ ਉਪ ਧਾਰਾ(1) ਦੇ ਖੰਡ (ਡੀ) ਅਤੇ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: ਐਸ.ਓ.66/ਸੀ.ਏ.14/47 ਐਸ.39 ਮਿਤੀ 19.09.1988 ਰਾਹੀਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਐਕਟ ਦੀ ਧਾਰਾ 7-ਏ ਅਧੀਨ ਬਣਾਏ ਗਏ ਇੰਡਸਟ੍ਰੀਅਲ ਟ੍ਰਿਬਿਊਨਲ, ਅੰਮ੍ਰਿਤਸਰ ਨੂੰ ਪ੍ਰਬੰਧਕਾਂ ਅਤੇ ਕਿਰਤੀਆਂ ਦੇ ਝਗੜੇ ਬਾਰੇ ਨਿਆਂ ਨਿਰਣੇ ਲਈ ਅਵਾਰਡ 6 ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਭੇਜਦਾ ਹਾਂ-

"ਕਿ ਸਬੰਧਤ ਕਿਰਤੀ ਮਿਤੀ 01.09.2015 ਤੋਂ 31.10.2016 ਤੱਕ ਕਿਲੋਮੀਟਰ ਪੂਰਾ ਨਾ ਕਰਨ ਕਰਦੇ ਕੱਟੀਆਂ ਗਈਆਂ ਤਨਖਾਵਾਂ ਦੇ ਬਕਾਏ ਲੈਣ ਦੇ ਹੱਕਦਾਰ ਹਨ, ਜੇਕਰ ਹਨ ਤਾਂ ਕਿਸ ਵਿਸਥਾਰ ਨਾਲ?"
"ਕਿ ਸਬੰਧਤ ਕਿਰਤੀ ਮਿਤੀ 01.09.2015 ਤੋਂ 31.10.2016 ਤੱਕ ਦਾ ਓਵਰਟਾਈਮ ਦੇ ਬਕਾਏ ਲੈਣ ਦੇ ਹੱਕਦਾਰ ਹਨ, ਜੇਕਰ ਹਨ ਤਾਂ ਕਿਸ ਵਿਸਥਾਰ ਨਾਲ?"

ਰਾਜੀਵ ਕੁਮਾਰ ਗੁਪਤਾ, ਆਈ.ਏ.ਐਸ.
ਕਿਰਤ ਕਮਿਸ਼ਨਰ, ਪੰਜਾਬ।

ਮਿਤੀ 22 ਅਗਸਤ, 2025

3557/11-2025/Pb. Govt. Press, S.A.S. Nagar